ਮਿੱਠੇ ਬੱਚੇ:- ਯਾਦ ਦਾ ਆਧਾਰ ਹੈ ਪਿਆਰ , ਪਿਆਰ ਵਿੱਚ ਕਮੀ ਹੈ ਤਾਂ ਯਾਦ ਇੱਕਰਸ ਨਹੀਂ ਰਹਿ ਸਕਦੀ ਅਤੇ ਯਾਦ ਇੱਕਰਸ ਨਹੀਂ ਹੈ ਤਾਂ ਪਿਆਰ ਨਹੀਂ ਮਿਲ ਸਕਦਾ”

ਪ੍ਰਸ਼ਨ:- ਆਤਮਾ ਦੀ ਸਭ ਤੋਂ ਪਿਆਰੀ ਚੀਜ਼ ਕਿਹੜੀ ਹੈ? ਉਸਦੀ ਨਿਸ਼ਾਨੀ ਕੀ ਹੈ ?

ਉੱਤਰ:- ਇਹ ਸ਼ਰੀਰ ਆਤਮਾ ਦੇ ਲਈ ਸਭ ਤੋਂ ਪਿਆਰੀ ਚੀਜ਼ ਹੈ। ਸ਼ਰੀਰ ਨਾਲ ਇੰਨਾ ਪਿਆਰ ਹੈ ਜੋ ਉਹ ਛੱਡਣਾ ਨਹੀਂ ਚਾਹੁੰਦੀ। ਬਚਾਉ ਦੇ ਲਈ ਅਨੇਕ ਪ੍ਰਬੰਧ ਰੱਚਦੀ ਹੈ। ਬਾਪ ਕਹਿੰਦੇ ਬੱਚੇ ਇਹ ਤਾਂ ਤਮੋਪ੍ਰਧਾਨ ਛੀ-ਛੀ ਸ਼ਰੀਰ ਹੈ। ਤੁਸੀਂ ਹੁਣ ਨਵਾਂ ਸ਼ਰੀਰ ਲੈਣਾ ਹੈ ਇਸ ਲਈ ਪੁਰਾਣੇ ਸ਼ਰੀਰ ਤੋਂ ਮਮੱਤਵ ਕੱਢ ਦੇਵੋ। ਇਸ ਸ਼ਰੀਰ ਦਾ ਭਾਨ ਨਾ ਰਹੇ ਇਹ ਮੰਜ਼ਿਲ ਹੈ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ, ਹੁਣ ਇਹ ਤਾਂ ਬੱਚੇ ਜਾਣਦੇ ਹਨ ਕਿ ਦੈਵੀ ਸਵਰਾਜ ਦਾ ਉਦਘਾਟਨ ਤਾਂ ਹੋ ਚੁੱਕਿਆ ਹੈ। ਹੁਣ ਤਿਆਰੀ ਹੋ ਰਹੀ ਹੈ ਉੱਥੇ ਜਾਣ ਲਈ। ਜਿੱਥੇ ਕੋਈ ਸ਼ਾਖਾ ਖੋਲਦੇ ਹਨ ਤਾਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿਸੇ ਵੱਡੇ ਆਦਮੀ ਤੋਂ ਓਪਨਿੰਗ ਕਰਵਾਉਣ ਦੀ। ਵੱਡੇ ਆਦਮੀ ਨੂੰ ਵੇਖ ਹੇਠਾਂ ਵਾਲੇ ਅਫ਼ਸਰ ਆਦਿ ਸਭ ਆਉਣਗੇ। ਸਮਝੋ ਗਵਰਨਰ ਆਏਗਾ ਤਾਂ ਵੱਡੇ-ਵੱਡੇ ਮਨਿਸਟਰ ਆਦਿ ਸਭ ਆਉਣਗੇ। ਜੇਕਰ ਕੁਲੈਕਟਰ ਨੂੰ ਤੁਸੀਂ ਬੁਲਾਓ ਤਾਂ ਵੱਡੇ ਆਦਮੀ ਨਹੀਂ ਆਉਣਗੇ ਇਸ ਲਈ ਕੋਸ਼ਿਸ ਕੀਤੀ ਜਾਂਦੀ ਹੈ ਕਿ ਵੱਡੇ ਤੋਂ ਵੱਡਾ ਕੋਈ ਆਵੇ। ਕਿਸੇ ਨਾ ਕਿਸੇ ਬਹਾਨੇ ਅੰਦਰ ਆਵੇ ਤਾਂ ਤੁਸੀਂ ਉਨ੍ਹਾਂ ਨੂੰ ਰਸਤਾ ਦੱਸੋ। ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਕਿਵੇਂ ਮਿਲ ਰਿਹਾ ਹੈ। ਇਸ ਤਰ੍ਹਾਂ ਦਾ ਕੋਈ ਹੋਰ ਮਨੁੱਖ ਨਹੀਂ ਜੋ ਜਾਣਦਾ ਹੋਵੇ ਤੁਸੀਂ ਬ੍ਰਾਹਮਣਾ ਤੋਂ ਸਿਵਾਏ। ਇਵੇਂ ਵੀ ਸਿੱਧਾ ਨਹੀਂ ਕਹਿਣਾ ਹੈ ਭਗਵਾਨ ਆਇਆ ਹੈ। ਇਵੇਂ ਵੀ ਬਹੁਤ ਕਹਿੰਦੇ ਹਨ - ਭਗਵਾਨ ਆ ਗਿਆ ਹੈ। ਪਰ ਨਹੀਂ , ਇਵੇਂ ਆਪਣੇ ਨੂੰ ਭਗਵਾਨ ਕਹਾਉਣ ਵਾਲੇ ਤਾਂ ਢੇਰ ਆਏ ਹਨ। ਇਹ ਤਾਂ ਸਮਝਾਉਣਾ ਹੈ ਬੇਹੱਦ ਦਾ ਬਾਪ ਆਕੇ ਬੇਹੱਦ ਦਾ ਵਰਸਾ ਦੇ ਰਹੇ ਹਨ ਕਲਪ ਪਹਿਲੇ ਤਰ੍ਹਾਂ, ਡਰਾਮਾ ਪਲਾਨ ਅਨੁਸਾਰ। ਇਹ ਸਾਰੀ ਲਾਈਨ ਲਿਖਣੀ ਪਵੇ। ਮਨੁੱਖ ਲਿਖ਼ਤ ਪੜ੍ਹਨਗੇ ਫ਼ਿਰ ਕੋਸ਼ਿਸ਼ ਕਰਨਗੇ, ਜਿਨ੍ਹਾਂ ਦੀ ਤਕਦੀਰ ਵਿੱਚ ਹੋਵੇਗਾ। ਤੁਹਾਨੂੰ ਬੱਚਿਆਂ ਨੂੰ ਪਤਾ ਹੈ ਨਾ ਕਿ ਅਸੀਂ ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਲੈ ਰਹੇ ਹਾਂ। ਇੱਥੇ ਤਾਂ ਨਿਸ਼ਚੇ ਬੁੱਧੀ ਬੱਚੇ ਹੀ ਆਉਂਦੇ ਹਨ। ਨਿਸ਼ਚੇ ਬੁੱਧੀ ਵੀ ਕਿਸੇ ਵਖ਼ਤ ਸੰਸ਼ੇ ਬੁੱਧੀ ਬਣ ਜਾਂਦੇ ਹਨ। ਮਾਇਆ ਪਿਛਾੜ ਲੈਂਦੀ ਹੈ। ਚਲਦੇ-ਚਲਦੇ ਹਾਰ ਖਾ ਲੈਂਦੇ ਹਨ। ਅਜਿਹਾ ਤਾਂ ਕਨੂੰਨ ਵੀ ਨਹੀਂ ਹੈ ਜੋ ਇਕ ਵੱਲ ਸਦਾ ਜਿੱਤ ਹੋਵੇ। ਹਾਰ ਹੋਵੇ ਹੀ ਨਹੀਂ। ਹਾਰ ਅਤੇ ਜਿੱਤ ਦੋਵੇਂ ਚੱਲਦੀਆਂ ਹਨ। ਯੁੱਧ ਵਿੱਚ ਵੀ ਤਿੰਨ ਤਰ੍ਹਾਂ ਦੇ ਹੁੰਦੇ ਹਨ, ਫ਼ਸਟਕਲਾਸ, ਸੈਕਿੰਡ ਕਲਾਸ ਅਤੇ ਥਰਡ ਕਲਾਸ। ਕਦੇ-ਕਦੇ ਯੁੱਧ ਨਾ ਕਰਨ ਵਾਲੇ ਵੀ ਵੇਖਣ ਲਈ ਆ ਜਾਂਦੇ ਹਨ। ਉਹ ਵੀ ਛੁੱਟ ਦਿੱਤੀ ਜਾਂਦੀ ਹੈ। ਸ਼ਾਇਦ ਰੰਗ ਲੱਗ ਜਾਵੇ ਅਤੇ ਸੈਨਾ ਵਿੱਚ ਆ ਜਾਣ ਕਿਉਂਕਿ ਦੁਨੀਆਂ ਨੂੰ ਇਹ ਪਤਾ ਨਹੀਂ ਹੈ ਕਿ ਤੁਸੀਂ ਮਹਾਰਥੀ ਯੋਧੇ ਹੋ। ਪਰ ਤੁਹਾਡੇ ਹੱਥ ਵਿੱਚ ਹਥਿਆਰ ਆਦਿ ਤਾਂ ਕੁਝ ਵੀ ਨਹੀਂ ਹਨ। ਤੁਹਾਡੇ ਹੱਥ ਵਿੱਚ ਹਥਿਆਰ ਆਦਿ ਸ਼ੋਭਣਗੇ ਵੀ ਨਹੀਂ। ਪਰ ਬਾਪ ਸਮਝਾਉਂਦੇ ਹਨ ਨਾ - ਗਿਆਨ ਤਲਵਾਰ, ਗਿਆਨ ਕਟਾਰੀ। ਤਾਂ ਉਹਨਾਂ ਨੇ ਫ਼ਿਰ ਸਥੂਲ ਵਿੱਚ ਸਮਝ ਲਿਆ ਹੈ। ਤੁਹਾਨੂੰ ਬੱਚਿਆਂ ਨੂੰ ਬਾਪ ਗਿਆਨ ਦੇ ਅਸਤਰ ਸ਼ਸਤਰ ਦਿੰਦੇ ਹਨ, ਇਸ ਵਿੱਚ ਹਿੰਸਾ ਦੀ ਗੱਲ ਹੀ ਨਹੀਂ। ਪਰ ਇਹ ਸਮਝਦੇ ਨਹੀਂ ਹਨ। ਦੇਵੀਆਂ ਨੂੰ ਸਥੂਲ ਹਥਿਆਰ ਆਦਿ ਦੇ ਦਿੱਤੇ ਹਨ। ਉਨ੍ਹਾਂ ਨੂੰ ਵੀ ਹਿੰਸਕ ਬਣਾ ਦਿੱਤਾ ਹੈ। ਇਹ ਹੈ ਬਿਲਕੁਲ ਬੇਸਮਝੀ। ਬਾਪ ਚੰਗੀ ਤਰ੍ਹਾਂ ਜਾਣਦੇ ਹਨ ਕਿ ਕੌਣ-ਕੌਣ ਫੁੱਲ ਬਣਨ ਵਾਲੇ ਹਨ, ਉਹ ਤਾਂ ਬਾਪ ਆਪ ਖੁਦ ਹੀ ਕਹਿੰਦੇ ਹਨ ਫੁੱਲ ਅੱਗੇ ਹੋਣੇ ਚਾਹੀਦੇ ਹਨ। ਸਰਟੇਨ ਹੈ ਇਹ ਫੁੱਲ ਬਣਨ ਵਾਲੇ ਹਨ, ਬਾਬਾ ਨਾਮ ਨਹੀਂ ਲੈਂਦੇ ਹਨ। ਨਹੀਂ ਤਾਂ ਦੂਸਰੇ ਕਹਿਣਗੇ ਅਸੀਂ ਕੰਡੇ ਬਣਾਂਗੇ ਕੀ! ਬਾਬਾ ਪੁੱਛਦੇ ਹਨ ਨਰ ਤੋਂ ਨਾਰਾਇਣ ਕੌਣ ਬਣਨਗੇ ਤਾਂ ਸਾਰੇ ਹੱਥ ਚੁੱਕਦੇ ਹਨ। ਓਵੇਂ ਤਾਂ ਖੁਦ ਸਮਝਦੇ ਹਨ ਜੋ ਜਿਆਦਾ ਸਰਵਿਸ ਕਰਦੇ ਹਨ ਉਹ ਬਾਪ ਨੂੰ ਵੀ ਯਾਦ ਕਰਦੇ ਹਨ। ਬਾਪ ਨਾਲ ਪਿਆਰ ਹੈ ਤਾਂ ਯਾਦ ਵੀ ਉਨ੍ਹਾਂ ਦੀ ਰਹੇਗੀ। ਇੱਕਰਸ ਤਾਂ ਕੋਈ ਵੀ ਯਾਦ ਕਰ ਨਹੀਂ ਸਕਦੇ। ਇਸ ਲਈ ਪਿਆਰ ਨਹੀਂ। ਪਿਆਰੀ ਚੀਜ਼ ਨੂੰ ਤਾਂ ਬਹੁਤ ਯਾਦ ਕੀਤਾ ਜਾਂਦਾ ਹੈ। ਬੱਚੇ ਪਿਆਰੇ ਹੁੰਦੇ ਹਨ ਤਾਂ ਮਾਂ ਬਾਪ ਗੋਦੀ ਵਿੱਚ ਚੁੱਕ ਲੈਂਦੇ ਹਨ। ਛੋਟੇ ਬੱਚੇ ਵੀ ਫੁੱਲ ਹਨ। ਜਿਵੇਂ ਤੁਹਾਡੀ ਬੱਚਿਆਂ ਦੀ ਦਿਲ ਹੁੰਦੀ ਹੈ ਸ਼ਿਵਬਾਬਾ ਦੇ ਕੋਲ ਜਾਵੇਂ, ਇਵੇਂ ਛੋਟੇ ਬੱਚੇ ਵੀ ਖਿੱਚਦੇ ਹਨ। ਝੱਟ ਬੱਚੇ ਨੂੰ ਚੁੱਕ ਕੇ ਗੋਦ ਵਿੱਚ ਬਿਠਾਉਣਗੇ ਅਤੇ ਪਿਆਰ ਕਰਨਗੇ।

ਇਹ ਬੇਹੱਦ ਦਾ ਬਾਪ ਤਾਂ ਬਹੁਤ ਪਿਆਰਾ ਹੈ। ਸਾਰੀਆਂ ਸ਼ੁਭ ਮਨੋਕਾਮਨਾਵਾਂ ਪੂਰੀਆਂ ਕਰ ਦਿੰਦੇ ਹਨ। ਮਨੁੱਖਾਂ ਨੂੰ ਕੀ ਚਾਹੀਦਾ ਹੈ ? ਇਕ ਤਾਂ ਚਾਹੁੰਦੇ ਹਨ ਤੰਦਰੁਸਤੀ ਅੱਛੀ ਹੋਵੇ, ਕਦੇ ਬੀਮਾਰ ਨਾ ਹੋਣ। ਸਭ ਤੋਂ ਅੱਛੀ ਹੈ ਇਹ ਤੰਦਰੁਸਤੀ। ਤੰਦਰੁਸਤੀ ਅੱਛੀ ਹੋਏ, ਪਰ ਪੈਸੇ ਨਾ ਹੋਣ ਤਾਂ ਉਹ ਤੰਦਰੁਸਤੀ ਵੀ ਕਿਸ ਕੰਮ ਦੀ। ਫਿਰ ਚਾਹੀਦਾ ਹੈ ਧਨ, ਜਿਸ ਨਾਲ ਸੁੱਖ ਮਿਲਦਾ ਹੈ। ਬਾਪ ਕਹਿੰਦੇ ਹਨ ਤੁਹਾਨੂੰ ਹੈਲਥ ਅਤੇ ਵੈਲਥ ਦੋਵੇਂ ਹੀ ਮਿਲਣੀ ਹੈ ਜ਼ਰੂਰ। ਇਹ ਕੋਈ ਨਵੀਂ ਗੱਲ ਨਹੀਂ ਹੈ। ਇਹ ਤਾਂ ਬਹੁਤ-ਬਹੁਤ ਪੁਰਾਣੀ ਗੱਲ ਹੈ। ਤੁਸੀਂ ਜਦੋਂ-ਜਦੋਂ ਮਿਲੋਗੇ ਤਾਂ ਇਵੇਂ ਹੀ ਕਹੋਗੇ। ਬਾਕੀ ਇੰਝ ਨਹੀਂ ਕਹੋਗੇ ਕਿ ਲੱਖਾਂ ਸਾਲ ਹੋਏ ਜਾਂ ਪਦਮਾ ਸਾਲ ਹੋਏ। ਨਹੀਂ, ਤੁਸੀਂ ਜਾਣਦੇ ਹੋ ਇਹ ਦੁਨੀਆ ਨਵੀਂ ਕਦੋਂ ਹੁੰਦੀ ਹੈ ਅਤੇ ਪੁਰਾਣੀ ਕਦੋਂ ਹੁੰਦੀ ਹੈ? ਅਸੀਂ ਆਤਮਾਵਾਂ ਨਵੀਂ ਦੁਨੀਆਂ ਵਿੱਚ ਜਾਂਦੀਆਂ ਹਾਂ। ਫਿਰ ਪੁਰਾਣੀ

ਵਿੱਚ ਆਉਂਦੀਆਂ ਹਨ। ਤੁਹਾਡਾ ਨਾਮ ਹੀ ਰੱਖਿਆ ਹੈ ਆਲਰਾਉਂਡਰ। ਬਾਪ ਨੇ ਸਮਝਾਇਆ ਹੈ ਤੁਸੀਂ ਆਲਰਾਉਂਡਰ ਹੋ। ਪਾਰਟ ਵਜਾਉਂਦੇ-ਵਜਾਉਂਦੇ ਹੁਣ ਬਹੁਤ ਜਨਮਾਂ ਦੇ ਅੰਤ ਵਿੱਚ ਆਕੇ ਪਹੁੰਚੇ ਹੋ। ਪਹਿਲਾਂ-ਪਹਿਲਾਂ ਸ਼ੁਰੂ ਵਿੱਚ ਤੁਸੀਂ ਪਾਰਟ ਵਜਾਉਣ ਆਉਂਦੇ ਹੋ। ਉਹ ਹੈ ਸਵੀਟ ਸਾਈਲੈਂਸ ਹੋਮ। ਮਨੁੱਖ ਸ਼ਾਂਤੀ ਦੇ ਲਈ ਕਿੰਨਾ ਹੈਰਾਨ ਹੁੰਦੇ ਹਨ। ਇਹ ਨਹੀਂ ਸਮਝਦੇ ਕਿ ਅਸੀਂ ਸ਼ਾਂਤੀਧਾਮ ਵਿੱਚ ਸੀ ਫਿਰ ਉਥੋਂ ਆਏ ਹੀ ਹਾਂ ਪਾਰਟ ਵਜਾਉਣ। ਪਾਰਟ ਪੂਰਾ ਹੋਇਆ ਫਿਰ ਅਸੀਂ ਜਿਥੋਂ ਆਏ ਹਾਂ ਉੱਥੇ ਜਰੂਰ ਜਾਵਾਂਗੇ। ਸਾਰੇ ਸ਼ਾਂਤੀਧਾਮ ਤੋਂ ਆਉਂਦੇ ਹਨ। ਸਭ ਦਾ ਘਰ ਉਹ ਬ੍ਰਹਮਲੋਕ ਹੈ, ਬ੍ਰਹਮੰਡ, ਜਿੱਥੇ ਸਭ ਆਤਮਾਵਾਂ ਰਹਿੰਦੀਆਂ ਹਨ। ਰੁਦ੍ਰ ਨੂੰ ਵੀ ਇਨਾ ਵੱਡਾ ਬਣਾਉਂਦੇ ਹਨ ਅੰਡੇ ਮਿਸਲ। ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਆਤਮਾ ਬਿਲਕੁਲ ਛੋਟੀ ਹੈ। ਕਹਿੰਦੇ ਵੀ ਹਨ ਸਟਾਰ ਮਿਸਲ ਹੈ ਫ਼ਿਰ ਵੀ ਪੂਜਾ ਵੱਡੇ ਦੀ ਹੀ ਹੁੰਦੀਂ ਹੈ। ਤੁਸੀਂ ਜਾਣਦੇ ਹੋ ਇੰਨੀ ਛੋਟੀ ਬਿੰਦੀ ਦੀ ਪੂਜਾ ਹੋ ਨਹੀਂ ਸਕਦੀ। ਫ਼ਿਰ ਪੂਜਾ ਕਿਸਦੀ ਕਰਨ, ਤਾਂ ਵੱਡਾ ਬਣਾਉਂਦੇ ਹਨ ਫ਼ਿਰ ਪੂਜਾ ਕਰਦੇ ਹਨ, ਦੁੱਧ ਚੜ੍ਹਾਉਂਦੇ ਹਨ। ਅਸਲ ਵਿੱਚ ਤਾਂ ਉਹ ਸ਼ਿਵ ਹੈ ਅਭੋਗਤਾ। ਫ਼ਿਰ ਉਨ੍ਹਾਂ ਨੂੰ ਦੁੱਧ ਘਿਉ ਚੜ੍ਹਾਉਂਦੇ ਹਨ? ਦੁੱਧ ਪੀਵੇ ਤਾਂ ਫ਼ਿਰ ਭੋਗਤਾ ਹੋ ਗਿਆ। ਇਹ ਵੀ ਇੱਕ ਵੰਡਰ ਹੈ। ਸਾਰੇ ਕਹਿੰਦੇ ਹਨ ਉਹ ਸਾਡਾ ਵਾਰਿਸ ਹੈ, ਅਸੀਂ ਉਨ੍ਹਾਂ ਦੇ ਵਾਰਿਸ ਹਾਂ ਕਿਉਂਕਿ ਅਸੀਂ ਉਨ੍ਹਾਂ ਤੇ ਫ਼ਿਦਾ ਹੋਏ ਹਾਂ। ਜਿਵੇਂ ਬਾਪ ਬੱਚਿਆਂ ਤੇ ਫ਼ਿਦਾ ਹੋ ਸਾਰੀਂ ਪ੍ਰਾਪਰਟੀ ਉਨ੍ਹਾਂ ਨੂੰ ਦੇ ਖੁਦ ਵਾਣ ਪ੍ਰਸਥ ਵਿੱਚ ਚਲੇ ਜਾਂਦੇ ਹਨ, ਇੱਥੇ ਵੀ ਤੁਸੀਂ ਸਮਝਦੇ ਹੋ ਬਾਬਾ ਦੇ ਕੋਲ ਅਸੀਂ ਜਿੰਨਾ ਜਮਾਂ ਕਰਾਂਗੇ ਉਹ ਸੇਫ਼ ਹੋ ਜਾਵੇਗਾ। ਗਾਇਨ ਵੀ ਹੈ ਕਿਨਕੀ ਦੱਬੀ ਰਹੇਗੀ ਧੂਲ ਵਿੱਚ...। ਤੁਸੀਂ ਬੱਚੇ ਜਾਣਦੇ ਹੋ ਕੁਝ ਵੀ ਰਹਿੰਦਾ ਨਹੀਂ ਹੈ। ਸਭ ਭਸਮ ਹੋ ਜਾਣਾ ਹੈ। ਇਵੇਂ ਵੀ ਨਹੀਂ ਹੈ, ਸਮਝੋ ਐਰੋਪਲੇਨ ਡਿੱਗਦੇ ਹਨ, ਵਿਨਾਸ਼ ਹੁੰਦਾ ਹੈ ਤਾਂ ਚੋਰਾਂ ਨੂੰ ਮਾਲ ਮਿਲਦਾ ਹੈ। ਲੇਕਿਨ ਚੋਰ ਆਦਿ ਖੁਦ ਵੀ ਖ਼ਤਮ ਹੋ ਜਾਣਗੇ। ਉਸ ਸਮੇਂ ਚੋਰੀ ਆਦਿ ਵੀ ਬੰਦ ਹੋ ਜਾਂਦੀ ਹੈ। ਨਹੀਂ ਤਾਂ ਐਰੋਪਲੇਨ ਡਿੱਗਦਾ ਹੈ ਤਾਂ ਪਹਿਲਾਂ-ਪਹਿਲਾਂ ਸਭ ਮਾਲ ਚੋਰਾਂ ਦੇ ਹੱਥ ਆਉਂਦਾ ਹੈ। ਫਿਰ ਉੱਥੇ ਹੀ ਜੰਗਲਾਂ ਵਿੱਚ ਮਾਲ ਛੁਪਾ ਦਿੰਦੇ ਹਨ। ਸੈਕਿੰਡ ਵਿੱਚ ਕੰਮ ਕਰ ਲੈਂਦੇ ਹਨ। ਕਈ ਤਰ੍ਹਾਂ ਦੀ ਚੋਰੀ ਦੇ ਕੰਮ ਕਰਦੇ ਹਨ - ਕੋਈ ਰੀਅਲਟੀ ਨਾਲ ਕੋਈ ਅਣਰੀਅਲਟੀ ਨਾਲ। ਤੁਸੀਂ ਜਾਣਦੇ ਹੋ ਇਹ ਸਭ ਵਿਨਾਸ਼ ਹੋ ਜਾਣਗੇ ਅਤੇ ਤੁਸੀਂ ਸਭ ਵਿਸ਼ਵ ਦੇ ਮਾਲਿਕ ਬਣ ਜਾਓਗੇ। ਤੁਹਾਨੂੰ ਕਿੱਧਰੇ ਕੁਝ ਲੱਭਣਾ ਨਹੀਂ ਪਵੇਗਾ। ਤੁਸੀਂ ਤਾਂ ਬਹੁਤ ਉੱਚ ਘਰ ਵਿੱਚ ਜਨਮ ਲੈਂਦੇ ਹੋ। ਪੈਸੇ ਦੀ ਜਰੂਰਤ ਹੀ ਨਹੀਂ। ਰਾਜਿਆਂ ਨੂੰ ਕਦੇ ਪੈਸੇ ਲੈਣ ਦਾ ਖ਼ਿਆਲ ਵੀ ਨਹੀਂ ਹੋਵੇਗਾ। ਦੇਵਤਿਆਂ ਨੂੰ ਤਾਂ ਬਿਲਕੁਲ ਨਹੀਂ ਰਹਿੰਦਾ। ਬਾਪ ਤੁਹਾਨੂੰ ਇਨਾ ਸਭ ਕੁਝ ਦੇ ਦਿੰਦੇ ਹਨ ਜੋ ਕਦੇ ਚੋਰੀ ਚਕਾਰੀ, ਈਰਖਾ ਆਦਿ ਦੀ ਗੱਲ ਹੀ ਨਹੀਂ। ਤੁਸੀਂ ਬਿਲਕੁੱਲ ਫੁੱਲ ਬਣ ਜਾਂਦੇ ਹੋ। ਕੰਡੇ ਅਤੇ ਫੁੱਲ ਹਨ ਨਾ। ਇੱਥੇ ਸਭ ਕੰਡੇ ਹੀ ਕੰਡੇ ਹਨ। ਜੋ ਵਿਕਾਰ ਦੇ ਸਿਵਾਏ ਰਹਿ ਨਹੀਂ ਸਕਦੇ ਤਾਂ ਉਨ੍ਹਾਂਨੂੰ ਜ਼ਰੂਰ ਕੰਡਾ ਹੀ ਕਹਿਣਾ ਪਵੇ। ਰਾਜੇ ਤੋਂ ਲੈ ਕੇ ਸਾਰੇ ਹੀ ਕੰਡੇ ਹਨ। ਤਾਂ ਬਾਬਾ ਕਹਿੰਦੇ ਮੈਂ ਤੁਹਾਨੂੰ ਇਨ੍ਹਾਂ ਲਕਸ਼ਮੀ -ਨਾਰਾਇਣ ਵਰਗਾ ਬਣਾਉਂਦਾ ਹਾਂ ਮਤਲਬ ਰਾਜਿਆਂ ਦਾ ਵੀ ਰਾਜਾ ਬਣਾਉਂਦਾ ਹਾਂ। ਇਹ ਕੰਡੇ ਫੁੱਲ ਦੇ ਅੱਗੇ ਜਾਕੇ ਮੱਥਾ ਝੁਕਾਉਂਦੇ ਹਨ। ਇਹ ਲਕਸ਼ਮੀ ਨਾਰਾਇਣ ਤਾਂ ਸਮਝਦਾਰ ਹਨ ਨਾ। ਇਹ ਵੀ ਬਾਪ ਨੇ ਸਮਝਾਇਆ ਹੈ ਸਤਿਯੁੱਗ ਵਾਲਿਆਂ ਨੂੰ ਮਹਾਰਾਜਾ, ਤ੍ਰੇਤਾ ਵਾਲਿਆਂ ਨੂੰ ਰਾਜਾ ਕਿਹਾ ਜਾਂਦਾ ਹੈ। ਵੱਡੇ ਆਦਮੀ ਨੂੰ ਕਹਾਂਗੇ ਮਹਾਰਾਜਾ, ਛੋਟੀ ਆਮਦਨੀ ਵਾਲੇ ਨੂੰ ਰਾਜਾ ਕਹਾਂਗੇ। ਮਹਾਰਾਜਾ ਦੀ ਦਰਬਾਰ ਪਹਿਲਾਂ ਹੋਵੇਗੀ। ਮਰਤਬੇ ਤਾਂ ਹੁੰਦੇ ਹਨ ਨਾ। ਕੁਰਸੀਆਂ ਵੀ ਨੰਬਰਵਾਰ ਮਿਲਣਗੀਆਂ। ਸਮਝੋ ਨਾ ਆਉਣ ਵਾਲਾ ਕੋਈ ਆ ਜਾਂਦਾ ਹੈ ਤਾਂ ਵੀ ਪਹਿਲਾਂ ਕੁਰਸੀ ਉਨ੍ਹਾਂ ਨੂੰ ਦੇਣਗੇ। ਇੱਜ਼ਤ ਰੱਖਣੀ ਹੁੰਦੀਂ ਹੈ।

ਤੁਸੀਂ ਜਾਣਦੇ ਹੋ ਸਾਡੀ ਮਾਲਾ ਬਣਦੀ ਹੈ। ਇਹ ਵੀ ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ ਹੀ ਹੈ ਹੋਰ ਕਿਸੇ ਦੀ ਬੁੱਧੀ ਵਿੱਚ ਨਹੀਂ ਹੈ। ਰੁਦ੍ਰ ਮਾਲਾ ਚੁੱਕ ਕੇ ਫੇਰਦੇ ਰਹਿੰਦੇ ਹਨ। ਤੁਸੀਂ ਵੀ ਫੇਰਦੇ ਸੀ ਨਾ। ਅਨੇਕ ਮੰਤਰ ਜਪਦੇ ਸੀ। ਬਾਪ ਕਹਿੰਦੇ ਹਨ ਇਹ ਵੀ ਭਗਤੀ ਹੈ। ਇੱਥੇ ਤਾਂ ਇੱਕ ਨੂੰ ਯਾਦ ਕਰਨਾ ਹੈ ਅਤੇ ਬਾਪ ਖ਼ਾਸ ਕਹਿੰਦੇ ਹਨ - ਮਿੱਠੇ-ਮਿੱਠੇ ਰੂਹਾਨੀ ਬੱਚਿਓ, ਭਗਤੀ ਮਾਰਗ ਵਿੱਚ ਤੁਸੀਂ ਦੇਹ - ਅਭਿਮਾਨ ਦੇ ਕਾਰਣ ਸਭ ਨੂੰ ਯਾਦ ਕਰਦੇ ਸੀ, ਹੁਣ ਮਾਮੇਕਮ ਯਾਦ ਕਰੋ। ਇਕ ਬਾਪ ਮਿਲਿਆ ਹੈ ਤਾਂ ਉਠਦੇ ਬੈਠਦੇ ਬਾਪ ਨੂੰ ਯਾਦ ਕਰੋ ਤਾਂ ਬਹੁਤ ਖੁਸ਼ੀ ਹੋਵੇਗੀ। ਬਾਪ ਨੂੰ ਯਾਦ ਕਰਨ ਨਾਲ ਸਾਰੇ ਵਿਸ਼ਵ ਦੀ ਬਾਦਸ਼ਾਹੀ ਮਿਲਦੀ। ਜਿੰਨਾ ਟਾਈਮ ਘੱਟ ਹੁੰਦਾ ਜਾਵੇਗਾ ਉਹਨਾਂ ਜਲਦੀ-ਜਲਦੀ ਯਾਦ ਕਰਦੇ ਰਹੋਗੇ। ਦਿਨ - ਪ੍ਰਤੀਦਿਨ ਕਦਮ ਵਧਾਉਂਦੇ ਰਹੋਗੇ। ਆਤਮਾ ਕਦੇ ਥੱਕਦੀ ਨਹੀਂ ਹੈ। ਸ਼ਰੀਰ ਨਾਲ ਕੋਈ ਪਹਾੜ ਆਦਿ ਚੜ੍ਹਨਗੇ ਤਾਂ ਥੱਕ ਜਾਣਗੇ। ਬਾਪ ਨੂੰ ਯਾਦ ਕਰਨ ਵਿੱਚ ਤੁਹਾਨੂੰ ਕੋਈ ਥਕਾਵਟ ਨਹੀਂ ਹੋਵੇਗੀ। ਖ਼ੁਸ਼ੀ ਵਿੱਚ ਰਹੋਗੇ। ਬਾਬਾ ਨੂੰ ਯਾਦ ਕਰ ਅੱਗੇ ਚੱਲਦੇ ਜਾਓਗੇ। ਅੱਧਾਕਲਪ ਬੱਚਿਆਂ ਨੇ ਮਿਹਨਤ ਕੀਤੀ ਹੈ - ਸ਼ਾਂਤੀਧਾਮ ਵਿੱਚ ਜਾਣ ਦੇ ਲਈ। ਏਮ ਅਬਜੈਕਟ ਦਾ ਕੁਝ ਵੀ ਪਤਾ ਨਹੀਂ ਹੈ। ਤੁਹਾਨੂੰ ਬੱਚਿਆਂ ਨੂੰ ਤੇ ਪਰਿਚੇ ਹੈ। ਭਗਤੀ ਮਾਰਗ ਵਿੱਚ ਜਿਸਦੇ ਲਈ ਇੰਨਾ ਸਭ ਕੁਝ ਕੀਤਾ ਉਹ ਕਹਿੰਦੇ ਹਨ ਹੁਣ ਮੈਨੂੰ ਯਾਦ ਕਰੋ। ਤੁਸੀਂ ਖ਼ਿਆਲ ਕਰੋ ਬਾਬਾ ਠੀਕ ਕਹਿੰਦੇ ਹਨ ਜਾਂ ਨਹੀਂ? ਉਹ ਤਾਂ ਸਮਝਦੇ ਹਨ ਪਾਣੀ ਨਾਲ ਹੀ ਪਾਵਨ ਹੋ ਜਾਵਾਂਗੇ। ਪਾਣੀ ਤਾਂ ਇੱਥੇ ਵੀ ਹੈ। ਕੀ ਇਹ ਗੰਗਾ ਦਾ ਪਾਣੀ ਹੈ ? ਨਹੀਂ, ਇਹ ਤਾਂ ਬਰਸਾਤ ਦਾ ਇਕੱਠਾ ਕੀਤਾ ਹੋਈ ਪਾਣੀ ਹੈ, ਝਰਨਿਆਂ ਤੋਂ ਆਉਂਦਾ ਹੀ ਰਹਿੰਦਾ ਹੈ, ਉਸਨੂੰ ਗੰਗਾ ਦਾ ਪਾਣੀ ਨਹੀਂ ਕਹਾਂਗੇ। ਕਦੇ ਬੰਦ ਨਹੀਂ ਹੁੰਦਾ - ਇਹ ਵੀ ਕੁਦਰਤ ਹੈ। ਬਰਸਾਤ ਬੰਦ ਹੋ ਜਾਂਦੀ ਹੈ ਲੇਕਿਨ ਪਾਣੀ ਆਉਂਦਾ ਹੀ ਰਹਿੰਦਾ ਹੈ। ਵੈਸ਼ਨਵ ਲੋਕ ਹਮੇਸ਼ਾਂ ਖੂਹ ਦਾ ਪਾਣੀ ਪੀਂਦੇ ਹਨ। ਇੱਕ ਪਾਸੇ ਸਮਝਦੇ ਹਨ ਇਹ ਪਵਿੱਤਰ ਹੈ, ਦੂਜੀ ਤਰਫ਼ ਪਤਿਤ ਤੋਂ ਪਾਵਨ ਬਣਨ ਦੇ ਲਈ ਗੰਗਾ ਵਿੱਚ ਇਸ਼ਨਾਨ ਕਰਨ ਜਾਂਦੇ ਹਨ। ਇਸ ਨੂੰ ਤਾਂ ਅਗਿਆਨ ਹੀ ਕਹਾਂਗੇ। ਬਰਸਾਤ ਦਾ ਪਾਣੀ ਤਾਂ ਚੰਗਾ ਹੀ ਹੁੰਦਾ ਹੈ। ਇਹ ਵੀ ਡਰਾਮੇ ਦੀ ਕੁਦਰਤ ਕਿਹਾ ਜਾਂਦਾ ਹੈ। ਖ਼ੁਦਾਈ ਨੈਚੁਰਲ ਕੁਦਰਤ। ਬੀਜ਼ ਕਿੰਨਾਂ ਛੋਟਾ ਹੈ, ਉਸ ਨਾਲ ਝਾੜ ਕਿੰਨਾਂ ਵੱਡਾ ਨਿਕਲਦਾ ਹੈ। ਇਹ ਵੀ ਜਾਣਦੇ ਜੋ ਧਰਤੀ ਕਲਰਾਠੀ ਹੋ ਜਾਂਦੀ ਹੈ ਤਾਂ ਫਿਰ ਉਸ ਵਿੱਚ ਤਾਕਤ ਨਹੀਂ ਰਹਿੰਦੀ, ਸਵਾਦ ਨਹੀਂ ਰਹਿੰਦਾ ਹੈ। ਤੁਹਾਨੂੰ ਬੱਚਿਆਂ ਨੂੰ ਬਾਪ ਇੱਥੇ ਹੀ ਸਭ ਅਨੁਭਵ ਕਰਵਾਉਂਦੇ ਹਨ - ਸਵਰਗ ਕਿਵੇਂ ਦਾ ਹੋਵੇਗਾ। ਹਾਲੇ ਤੇ ਨਹੀਂ ਹੈ। ਡਰਾਮੇ ਵਿੱਚ ਇਹ ਵੀ ਨੂੰਧ ਹੈ ਬੱਚਿਆਂ ਨੂੰ ਸਾਕਸ਼ਤਕਾਰ ਹੁੰਦਾ ਹੈ।

ਉੱਥੇ ਦੇ ਫ਼ਲ ਆਦਿ ਕਿੰਨੇ ਮਿੱਠੇ ਹੁੰਦੇ ਹਨ - ਤੁਸੀਂ ਧਿਆਨ ਵਿੱਚ ਵੇਖਕੇ ਆ ਕੇ ਸੁਣਾਉਂਦੇ ਹੋ। ਫਿਰ ਹੁਣ ਜੋ ਸਾਕਸ਼ਤਕਾਰ ਕਰਦੇ ਹੋ ਉਹ ਉੱਥੇ ਜਦੋਂ ਜਾਵੋਗੇ ਉਦੋਂ ਇਨ੍ਹਾਂ ਅੱਖਾਂ ਨਾਲ ਵੇਖੋਗੇ, ਮੂੰਹ ਨਾਲ ਖਾਓਗੇ। ਜੋ ਵੀ ਸਾਕਸ਼ਤਕਾਰ ਕਰਦੇ ਹੋ ਉਹ ਸਭ ਇਨ੍ਹਾਂ ਅੱਖਾਂ ਨਾਲ ਵੇਖੋਗੇ, ਫਿਰ ਹੈ ਪੁਰਸ਼ਾਰਥ ਤੇ। ਜੇਕਰ ਪੁਰਸ਼ਾਰਥ ਹੀ ਨਹੀਂ ਕਰੋਗੇ ਤਾਂ ਕੀ ਪਦ ਪਾਵੋਗੇ? ਤੁਹਾਡਾ ਪੁਰਸ਼ਾਰਥ ਚੱਲ ਰਿਹਾ ਹੈ। ਤੁਸੀਂ ਅਜਿਹੇ ਬਣੋਗੇ। ਇਸ ਵਿਨਾਸ਼ ਤੋਂ ਬਾਅਦ ਇਨ੍ਹਾਂ ਲਕਸ਼ਮੀ - ਨਾਰਾਇਣ ਦਾ ਰਾਜ ਹੋਵੇਗਾ। ਇਹ ਵੀ ਹੁਣ ਪਤਾ ਚੱਲਿਆ ਹੈ। ਪਾਵਨ ਹੋਣ ਵਿੱਚ ਵੀ ਸਮਾਂ ਲਗਦਾ ਹੈ। ਯਾਦ ਦੀ ਯਾਤਰਾ ਮੁੱਖ ਹੈ, ਦੇਖਿਆ ਗਿਆ ਹੈ ਭੈਣ - ਭਰਾ ਸਮਝਣ ਨਾਲ ਵੀ ਬਾਜ਼ ਨਹੀਂ ਆਉਂਦੇ ਹਨ ਬੁਰੀ ਆਦਤੇ ਵੀ ਨਹੀਂ ਛੱਡਦੇ ਤਾਂ ਹੁਣ ਫ਼ਿਰ ਕਹਿੰਦੇ ਹਨ ਭਾਈ- ਭਾਈ ਸਮਝੋ। ਭੈਣ - ਭਰਾ ਸਮਝਣ ਨਾਲ ਵੀ ਦ੍ਰਿਸ਼ਟੀ ਨਹੀਂ ਫਿਰਦੀ। ਭਰਾ-ਭਰਾ ਵੇਖਣ ਨਾਲ ਫਿਰ ਸ਼ਰੀਰ ਹੀ ਨਹੀਂ ਰਹਿੰਦਾ। ਅਸੀਂ ਸਭ ਆਤਮਾਵਾਂ ਹਾਂ ਸ਼ਰੀਰ ਨਹੀਂ ਹਾਂ। ਜੋ ਕੁਝ ਇੱਥੇ ਵੇਖਣ ਵਿੱਚ ਆਉਂਦਾ ਹੈ ਸਭ ਵਿਨਾਸ਼ ਹੋ ਜਾਵੇਗਾ। ਇਹ ਸ਼ਰੀਰ ਛੱਡ ਕੇ ਤੁਸੀਂ ਅਸ਼ਰੀਰੀ ਹੋਕੇ ਜਾਣਾ ਹੈ। ਤੁਸੀਂ ਇੱਥੇ ਆਉਂਦੇ ਹੀ ਹੋ ਸਿੱਖਣ ਦੇ ਲਈ ਕਿ ਅਸੀਂ ਇਹ ਸ਼ਰੀਰ ਛੱਡ ਕੇ ਕਿਵੇਂ ਜਾਈਏ। ਮੰਜਿਲ ਹੈ ਨਾ। ਸ਼ਰੀਰ ਤਾਂ ਆਤਮਾ ਨੂੰ ਬਹੁਤ ਪਿਆਰਾ ਹੈ। ਸ਼ਰੀਰ ਨਾ ਛੂੱਟੇ ਇਸਦੇ ਲਈ ਆਤਮਾ ਕਿੰਨੇ ਪ੍ਰਬੰਧ ਕਰਦੀ ਹੈ। ਕਿਤੇ ਸਾਡਾ ਇਹ ਸ਼ਰੀਰ ਛੁੱਟ ਨਾ ਜਾਵੇ। ਆਤਮਾ ਦਾ ਇਸ ਸ਼ਰੀਰ ਨਾਲ ਬਹੁਤ-ਬਹੁਤ ਪਿਆਰ ਹੈ। ਬਾਪ ਕਹਿੰਦੇ ਇਹ ਤਾਂ ਪੁਰਾਣਾ ਸ਼ਰੀਰ ਹੈ। ਤੁਸੀਂ ਵੀ ਤਮੋਪ੍ਰਧਾਨ ਹੋ, ਤੁਹਾਡੀ ਆਤਮਾ ਛੀ-ਛੀ ਹੈ ਇਸ ਲਈ ਦੁਖੀ ਬੀਮਾਰ ਹੋ ਜਾਂਦੇ ਹੋ। ਬਾਪ ਕਹਿੰਦੇ ਹਨ - ਹੁਣ ਸ਼ਰੀਰ ਨਾਲ ਪਿਆਰ ਨਹੀਂ ਰੱਖਣਾ ਹੈ। ਇਹ ਤਾਂ ਪੁਰਾਣਾ ਸ਼ਰੀਰ ਹੈ। ਹੁਣ ਤੁਸੀਂ ਨਵਾਂ ਖ਼ਰੀਦ ਕਰਨਾ ਹੈ। ਕੋਈ ਦੁਕਾਨ ਨਹੀਂ ਰੱਖੀ ਹੈ ਜਿਥੋਂ ਖਰੀਦਣਾ ਹੈ। ਬਾਪ ਕਹਿੰਦੇਂ ਹਨ ਮੈਨੂੰ ਯਾਦ ਕਰੋ ਤਾਂ ਪਾਵਨ ਬਣ ਜਾਵੋਗੇ। ਫ਼ਿਰ ਸ਼ਰੀਰ ਵੀ ਤੁਹਾਨੂੰ ਪਾਵਨ ਮਿਲੇਗਾ। 5 ਤੱਤ ਵੀ ਪਾਵਨ ਬਣ ਜਾਣਗੇ। ਬਾਪ ਸਭ ਗੱਲਾਂ ਸਮਝਾਕੇ ਫਿਰ ਕਹਿੰਦੇ ਹਨ ਮਨਮਨਾਭਵ ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸ਼ਿਵਬਾਬਾ ਦੇ ਅਸੀਂ ਵਾਰਿਸ ਹਾਂ, ਉਹ ਸਾਡਾ ਵਾਰਿਸ ਹੈ, ਇਸ ਨਿਸ਼ਚੇ ਨਾਲ ਬਾਪ ਤੇ ਪੂਰਾ ਫ਼ਿਦਾ ਹੋਣਾ ਹੈ। ਜਿੰਨਾ ਬਾਬਾ ਦੇ ਕੋਲ ਜਮਾਂ ਕਰਾਂਗੇ ਉਨਾ ਹੀ ਸੇਫ਼ ਹੋ ਜਾਵਾਂਗੇ। ਕਿਹਾ ਜਾਂਦਾ ਹੈ - ਕਿਨਕੀ ਦੱਬੀ ਰਹੇਗੀ ਧੂਲ ਵਿੱਚ ...।

2. ਕੰਡੇ ਤੋਂ ਫੁੱਲ ਹੁਣ ਹੀ ਬਣਨਾ ਹੈ। ਇਕਰਸ ਯਾਦ ਅਤੇ ਸਰਵਿਸ ਨਾਲ ਬਾਪ ਦੇ ਪਿਆਰ ਦਾ ਅਧਿਕਾਰੀ ਬਣਨਾ ਹੈ। ਦਿਨ - ਪ੍ਰਤੀਦਿਨ ਯਾਦ ਵਿੱਚ ਕਦਮ ਅੱਗੇ ਵਧਾਉਂਦੇ ਰਹਿਣਾ ਹੈ।

ਵਰਦਾਨ:- ਆਪਣੇ ਪੁਰਸ਼ਾਰਥ ਦੀ ਵਿਧੀ ਖੁਦ ਦੀ ਪ੍ਰਗਤੀ ਦਾ ਅਨੁਭਵ ਕਰਨ ਵਾਲੇ ਸਫ਼ਲਤਾ ਦੇ ਸਿਤਾਰੇ ਭਵ

ਜੋ ਆਪਣੇ ਪੁਰਸ਼ਾਰਥ ਦੀ ਵਿਧੀ ਵਿੱਚ ਖੁਦ ਦੀ ਪ੍ਰਗਤੀ ਅਤੇ ਸਫ਼ਲਤਾ ਦਾ ਅਨੁਭਵ ਕਰਦੇ ਹਨ, ਉਹੀ ਸਫ਼ਲਤਾ ਦੇ ਸਿਤਾਰੇ ਹਨ, ਉਹਨਾਂ ਦੇ ਸੰਕਲਪ ਵਿੱਚ ਖੁਦ ਦੇ ਪੁਰਸ਼ਾਰਥ ਪ੍ਰਤੀ ਵੀ ਕਦੀ "ਪਤਾ ਨਹੀਂ ਹੋਵੇਗਾ ਜਾਂ ਨਹੀਂ ਹੋਵੇਗਾ", ਕਰ ਸਕਣਗੇ ਜਾਂ ਨਹੀਂ ਕਰ ਸਕਣਗੇ - ਇਹ ਅਸਫ਼ਲਤਾ ਦਾ ਅੰਸ਼ ਮਾਤਰ ਵੀ ਨਹੀਂ ਹੋਵੇਗਾ। ਖੁਦ ਪ੍ਰਤੀ ਸਫ਼ਲਤਾ ਅਧਿਕਾਰੀ ਦੇ ਰੂਪ ਵਿੱਚ ਅਨੁਭਵ ਕਰਨਗੇ। ਉਹਨਾਂ ਨੂੰ ਸਹਿਜ ਅਤੇ ਖੁਦ ਸਫ਼ਲਤਾ ਮਿਲਦੀ ਰਹਿੰਦੀ ਹੈ।

ਸਲੋਗਨ:- ਸੁੱਖ ਸਵਰੂਪ ਬਣਕੇ ਸੁੱਖ ਦਵੋ ਤਾਂ ਪੁਰਸ਼ਾਰਥ ਵਿੱਚ ਦੁਆਵਾਂ ਐਡ ਹੋ ਜਾਣਗੀਆਂ

******